# ਦਫਤਰ: ਪ੍ਰਿੰਸੀਪਲ, ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ, ਪਟਿਆਲਾ

ਮਿਤੀ 30-07-2020

ਸਮੂਹ ਸਟਾਫ ਅਤੇ ਚਾਹਵਾਨ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਭਾਗ ਪਹਿਲਾ ਵਿੱਚ ਦਾਖਲਾ ਲੈਣ ਲਈ ਆਨਲਾਈਨ ਐਡਮੀਸ਼ਨ ਪੋਰਟਰ http://www.gbcpatialaadmission.com/Login.aspx ਵੈਬਸਾਈਟ ਤੇ ਮਿਤੀ 01-08-2020 ਤੋਂ 10-08-2020 ਤੱਕ ਖੁਲ ਗਿਆ ਹੈ। ਦਾਖਲਾ ਲੈਣ ਦੇ ਚਾਹਵਾਨ ਵਿਦਿਆਰਥੀ ਅਪਲਾਈ ਕਰਨ।

ਵਿਦਿਆਰਥੀਆਂ ਵੱਲੋਂ ਹੇਠ ਲਿਖੇ ਦਸਤਾਵੇਜ਼ ਆਨਲਾਈਨ ਅਪਲੋਡ ਕੀਤੇ ਜਾਣਗੇ:-

1. ਬਾਰਵੀਂ ਦਾ ਸਰਟੀਫਿਕੇਟ
2. ਰਾਖਵੀਂਕਰਨ ਲਈ ਸਰਟੀਫਿਕੇਟ (ਜਿਸ ਕੈਟਾਗਰੀ ਲਈ ਅਪਲਾਈ ਕਰਨਾ ਹੈ, ਉਸ ਨਾਲ ਸਬੰਧਤ ਸਰਟੀਫਿਕੇਟ ਅਪਲੋਡ ਕੀਤਾ ਜਾਵੇ)

**ਜਿਨ੍ਹਾਂ ਐਸ.ਸੀ. ਵਿਦਿਆਰਥੀਆਂ ਦੀ ਸਲਾਨਾ ਆਮਦਨ 2.5 ਲੱਖ ਰੁਪਏ ਤੋਂ ਘੱਟ ਹੈ ਅਤੇ ਉਹ ਫੀਸ ਵਿੱਚ ਰਿਆਇਤ ਲੈਣਾ ਚਾਹੁੰਦੇ ਹਨ ਉਹ ਹੇਠ ਲਿਕੇ ਦਸਤਾਵੇਜ ਵੀ ਅਪਲੋਡ ਕਰਨਗੇ:-**

3. 2.5 ਲੱਖ ਤੱਕ ਆਮਦਨ ਦਾ ਸਰਟੀਫਿਕੇਟ (ਮਿਤੀ 01-04-2020 ਤੋਂ ਬਾਅਦ ਤਹਿਸੀਲਦਾਰ ਵੱਲੋਂ ਜਾਰੀ)

ਨੋਟ:- 1)ਫੀਸ ਵਿੱਚ ਰਿਆਇਤ ਲੈਣ ਵਾਲੇ ਐਸ.ਸੀ. ਵਿਦਿਆਰਥੀ ਲਈ ਡਾ. ਅੰਬੇਦਕਰ ਸਕਾਲਰਸਿਪ ਪੋਰਟਲ ਉਤੇ ਸਕਾਲਰਸਿਪ ਲਈ ਅਪਲਾਈ ਕਰਨਾ ਲਾਜਮੀ ਹੈ। ਜੇਕਰ ਕਿਸੀ ਵਿਦਿਆਰਥੀ ਵੱਲੋਂ ਕਿਸੇ ਵੀ ਕਾਰਨ ਕਰਕੇ ਡਾ. ਅੰਬੇਦਕਰ ਪੋਰਟਲ ਤੇ ਸਕਾਲਰਸਿਪ ਅਪਲਾਈ ਨਹੀਂ ਹੁੰਦਾ ਤਾਂ ਉਹ ਵਿਦਿਆਰਥੀ ਕਾਲਜ ਦੀ ਪੂਰੀ ਫੀਸ ਭਰਨ ਦਾ ਪਾਬੰਦ ਹੋਵੇਗਾ।

2) ਇਹ ਕਿ ਜੇਕਰ ਪੰਜਾਬ ਸਰਕਾਰ ਵੱਲੋਂ ਪੂਰੀ ਫੀਸ ਭਰਨ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਜਾਂਦੀਆ ਹਨ ਤਾਂ ਵਿਦਿਆਰਥੀ ਪੂਰੀ ਫੀਸ ਭਰਨ ਦਾ ਪਾਬੰਦ ਹੋਵੇਗਾ।

ਜੇਕਰ ਕਿਸੇ ਵਿਦਿਆਰਥੀ ਵਲੋਂ ਕੋਈ ਵੀ ਗਲਤ ਦਸਤਾਵੇਜ ਅਪਲੋਡ ਕੀਤਾ ਜਾਂਦਾ ਹੈ ਤਾਂ ਉਸਦਾ ਦਾਖਲਾ ਫਾਰਮ ਰੱਦ ਸਮਝਿਆ ਜਾਵੇਗਾ।

ਦਾਖਲਾ ਉਪਰੰਤ ਜੇਕਰ ਕਿਸੇ ਵਿਦਿਆਰਥੀ ਦਾ ਕੋਈ ਦਸਤਾਵੇਜ ਅਯੋਗ ਪਾਇਆ ਗਿਆ ਤਾਂ ਉਸ ਵਿਦਿਆਰਥੀ ਦਾ ਦਾਖਲਾ ਰੱਦ ਕੀਤਾ ਜਾਵੇਗਾ ਅਤੇ ਬਣਦੀ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕਦੀ ਹੈ। **ਇਸ ਦੀ ਨਿਰੋਲ ਜਿਮੇਵਾਰੀ ਵਿਦਿਆਰਥੀ ਦੀ ਨਿੱਜੀ ਹੋਵੇਗੀ।**

ਪ੍ਰਿੰਸੀਪਲ,
ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ,
ਪਟਿਆਲਾ ।